# ਅਕਸਰ ਪੁੱਛੇ ਜਾਣ ਵਾਲੇ ਸਵਾਲ

# SAGP-2024

**ਪ੍ਰਸ਼ਨ 1. SAGP-2024 ਕੀ ਹੈ?**

ਉੱਤਰ:-SAGP-2024 ਦਾ ਮਤਲਬ ਹੈ ਸਿੰਘਲ-ਸਟਾਰਜ਼ ਐਡਮਿਸ਼ਨ ਗਾਈਡੈਂਸ ਪ੍ਰੋਗਰਾਮ ਜੋ ਉਹਨਾਂ ਵਿਦਿਆਰਥੀਆਂ ਲਈ ਆਯੋਜਿਤ ਕੀਤਾ ਜਾ ਰਿਹਾ ਹੈ ਜੋ ਆਪਣਾ ਮੌਜੂਦਾ ਸਕੂਲ ਬਦਲਣਾ ਚਾਹੁੰਦੇ ਹਨ।

**ਪ੍ਰਸ਼ਨ 2. SAGP-2024 ਕਿਸਦੇ ਲਈ ਹੈ?**

ਉੱਤਰ:-SAGP-2024 ਕਿਸੇ ਵੀ CBSE/ICSE ਸਕੂਲ ਦੇ UKG ਤੋਂ ਅੱਠਵੀਂ ਅਤੇ ਦਸਵੀਂ (ਵਿੱਦਿਅਕ ਸੈਸ਼ਨ 2023-24) ਕਲਾਸ ਵਿੱਚ ਪੜ੍ਹ ਰਹੇ ਬੱਚੇ ਲਈ ਹੈ ਜੋ ਨਵੇਂ ਸੈਸ਼ਨ 2024 ਵਿੱਚ ਆਪਣਾ ਸਕੂਲ ਬਦਲਣਾ ਚਾਹੁੰਦਾ ਹੈ।

**ਪ੍ਰਸ਼ਨ 3. SAGP-2024 ਦਾ ਕੀ ਫ਼ਾਇਦਾ ਹੈ?**

ਉੱਤਰ:-SAGP-2024 ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਟੈਸਟ ਵਿੱਚ ਉਸਦੇ ਪ੍ਰਦਰਸ਼ਨ ਅਤੇ ਹੋਰ ਮਾਪਦੰਡਾਂ ਦੇ ਅਧਾਰ 'ਤੇ ਸਕੂਲ ਦੀ ਤਬਦੀਲੀ ਬਾਰੇ ਇੱਕ ਚੰਗਾ ਫੈਸਲਾ ਲੈਣ ਵਿੱਚ ਮਦਦ ਕਰੇਗਾ।

**ਪ੍ਰਸ਼ਨ 4. ਮੈਂ SAGP-2024 ਲਈ ਆਪਣੇ ਆਪ ਨੂੰ ਕਿਵੇਂ ਰਜਿਸਟਰ ਕਰਾਂ?**

ਉੱਤਰ:- ਤੁਸੀਂ ਹੇਠਾਂ ਦਿੱਤੇ ਦੋ ਤਰੀਕਿਆਂ ਵਿੱਚੋਂ ਕਿਸੇ ਇੱਕ ਤਰੀਕੇ ਨਾਲ ਆਪਣੇ ਆਪ ਨੂੰ SAGP-2024 ਲਈ ਰਜਿਸਟਰ ਕਰਵਾ ਸਕਦੇ ਹੋ।

**ਔਫ਼ਲਾਈਨ**

ਤੁਸੀਂ ਸਿੰਘਲ ਸਟਾਰਜ਼ ਸਕੂਲ ਦੇ ਕਿਸੇ ਵੀ ਵਿਦਿਆਰਥੀ, ਅਧਿਆਪਕ ਜਾਂ ਮਾਪਿਆਂ ਨਾਲ ਸੰਪਰਕ ਕਰ ਸਕਦੇ ਹੋ ਅਤੇ ਉਨ੍ਹਾਂ ਦੁਆਰਾ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹੋ। ਤੁਹਾਨੂੰ 400/- ਰੁਪਏ ਦੇ ਭੁਗਤਾਨ 'ਤੇ ਰਜਿਸਟ੍ਰੇਸ਼ਨ ਫਾਰਮ ਦਿੱਤਾ ਜਾਵੇਗਾ। ਇਸ ਤੋਂ ਬਾਅਦ ਤੁਹਾਨੂੰ ਇੱਕ ਜਾਂ ਦੋ ਦਿਨਾਂ ਵਿੱਚ ਐਡਮਿਟ ਕਾਰਡ ਅਤੇ ਸੈਂਪਲ ਪੇਪਰ ਦਿੱਤੇ ਜਾਣਗੇ।

**ਜਾਂ**

ਤੁਸੀਂ 26 ਜਨਵਰੀ, 2024 ਤੱਕ ਕਿਸੇ ਵੀ ਕੰਮਕਾਜ ਵਾਲੇ ਦਿਨ ਸਵੇਰੇ 10:30 ਵਜੇ ਤੋਂ ਦੁਪਹਿਰ 1:30 ਵਜੇ ਤੱਕ ਸਿੰਘਲ ਸਟਾਰਜ਼ ਸਕੂਲ ਵਿੱਚ ਵੀ ਆ ਸਕਦੇ ਹੋ। ਰਜਿਸਟ੍ਰੇਸ਼ਨ ਫਾਰਮ ਜਮ੍ਹਾਂ ਕਰਨ ਸਮੇਂ ਸਕੂਲ ਵਿੱਚ 400/- ਰੁਪਏ ਦੀ ਰਜਿਸਟ੍ਰੇਸ਼ਨ ਫ਼ੀਸ ਅਦਾ ਕਰਨੀ ਹੋਵੇਗੀ। ਐਡਮਿਟ ਕਾਰਡ ਅਤੇ ਸੈਂਪਲ ਪੇਪਰ ਤੁਹਾਨੂੰ ਤੁਰੰਤ ਦੇ ਦਿੱਤੇ ਜਾਣਗੇ।

**ਔਨਲਾਈਨ:**

ਤੁਸੀਂ ਸਕੂਲ ਦੀ ਵੈੱਬਸਾਈਟ www.singhalstars.com 'ਤੇ ਜਾ ਕੇ SAGP-2024 ਲਿੰਕ 'ਤੇ ਕਲਿੱਕ ਕਰ ਸਕਦੇ ਹੋ ਅਤੇ ਰਜਿਸਟ੍ਰੇਸ਼ਨ ਫਾਰਮ ਔਨਲਾਈਨ ਭਰ ਕੇ ਜਮ੍ਹਾਂ ਕਰਵਾ ਸਕਦੇ ਹੋ। ਤੁਹਾਨੂੰ ਆਪਣੀ ਪਾਸਪੋਰਟ ਸਾਈਜ਼ ਦੀ ਫੋਟੋ ਅਪਲੋਡ ਕਰਨੀ ਹੋਵੇਗੀ। ਪ੍ਰਕਿਰਿਆ ਨੂੰ ਪੂਰਾ ਕਰਨ ਤੋਂ ਬਾਅਦ, ਤੁਹਾਨੂੰ ਆਪਣੀ ਰਜਿਸਟਰਡ ਈ-ਮੇਲ ਆਈਡੀ 'ਤੇ ਐਡਮਿਟ ਕਾਰਡ, ਸਿਲੇਬਸ ਅਤੇ ਸੈਂਪਲ ਪੇਪਰ ਪ੍ਰਾਪਤ ਹੋ ਜਾਣਗੇ। 28 ਜਨਵਰੀ 2024 ਨੂੰ ਜਦੋਂ ਤੁਸੀਂ ਟੈਸਟ ਲਈ ਸਕੂਲ ਆਉਂਦੇ ਹੋ ਤਾਂ ਉਸ ਸਮੇਂ ਤੁਹਾਨੂੰ 400/- ਰੁਪਏ ਰਜਿਸਟ੍ਰੇਸ਼ਨ ਫ਼ੀਸ ਦਾ ਭੁਗਤਾਨ ਕਰਨਾ ਹੋਵੇਗਾ।

**ਪ੍ਰਸ਼ਨ 5. ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ ਕੀ ਹੈ?**

ਉੱਤਰ:-ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 26 ਜਨਵਰੀ, 2024 (ਸ਼ੁੱਕਰਵਾਰ) ਹੈ।

**ਪ੍ਰਸ਼ਨ 6. SAGP-2024 ਕਦੋਂ ਕਰਵਾਇਆ ਜਾਵੇਗਾ?**

ਉੱਤਰ:-SAGP-2024 28 ਜਨਵਰੀ, 2024 (ਐਤਵਾਰ) ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਸਿੰਘਲ ਸਟਾਰਜ਼ ਸਕੂਲ, ਮਾਨਸਾ ਵਿੱਚ ਕਰਵਾਇਆ ਜਾਵੇਗਾ।

**ਪ੍ਰਸ਼ਨ 7. ਰਿਪੋਰਟਿੰਗ ਦਾ ਸਮਾਂ ਕੀ ਹੋਵੇਗਾ?**

ਉੱਤਰ:-ਵਿਦਿਆਰਥੀਆਂ ਨੂੰ ਪ੍ਰੀਖਿਆ ਵਾਲੇ ਦਿਨ ਸਵੇਰੇ 10:30 ਵਜੇ ਤੱਕ ਰਿਪੋਰਟ ਕਰਨਾ ਹੋਵੇਗਾ।

**ਪ੍ਰਸ਼ਨ 8. SAGP-2024 ਕਿੱਥੇ ਕਰਵਾਇਆ ਜਾਵੇਗਾ?**

ਉੱਤਰ:- SAGP-2024 ਸਿੰਘਲ ਸਟਾਰਜ਼ ਸਕੂਲ, ਸਾਹਮਣੇ ਸਪੋਰਟਸ ਸਟੇਡੀਅਮ, ਐੱਨ. ਐੱਮ. ਕਾਲਜ ਰੋਡ, ਮਾਨਸਾ ਵਿਖੇ ਕਰਵਾਇਆ ਜਾਵੇਗਾ। ਫ਼ੋਨ ਨੰਬਰ 94654-10884, 99886-85084

**ਪ੍ਰਸ਼ਨ 9. SAGP-2024 ਵਿੱਚ ਕਿਹੜੇ ਵਿਸ਼ਿਆਂ ਲਈ ਮੇਰਾ ਟੈਸਟ ਲਿਆ ਜਾਵੇਗਾ?**

ਉੱਤਰ:- UKG ਤੋਂ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਗਣਿਤ ਵਿਸ਼ਿਆਂ ਦਾ ਟੈਸਟ ਲਿਆ ਜਾਵੇਗਾ। ਛੇਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ, ਹਿੰਦੀ, ਪੰਜਾਬੀ, ਗਣਿਤ ਅਤੇ ਵਿਗਿਆਨ ਵਿਸ਼ਿਆਂ ਦਾ ਟੈਸਟ ਲਿਆ ਜਾਵੇਗਾ। ਦਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਅੰਗਰੇਜ਼ੀ ਅਤੇ ਤਿੰਨ ਹੋਰ ਵਿਸ਼ਿਆਂ ਵਿੱਚ ਉਸ ਸਟ੍ਰੀਮ ਦੇ ਅਨੁਸਾਰ ਟੈਸਟ ਲਿਆ ਜਾਵੇਗਾ ਜਿਸ ਨੂੰ ਉਹ ਗਿਆਰ੍ਹਵੀਂ ਕਲਾਸ ਵਿੱਚ ਚੁਣਨਾ ਚਾਹੁੰਦੇ ਹਨ।

**ਮੈਡੀਕਲ-** ਇੰਗਲਿਸ਼, ਬਾਇਓਲੋਜੀ, ਫ਼ਿਜ਼ਿਕਸ, ਕੈਮਿਸਟਰੀ

**ਨਾੱਨ-ਮੈਡੀਕਲ-** ਇੰਗਲਿਸ਼, ਮੈਥ, ਫ਼ਿਜ਼ਿਕਸ, ਕੈਮਿਸਟਰੀ

**ਆਰਟਸ ਅਤੇ ਕਾਮਰਸ-** ਇੰਗਲਿਸ਼, ਪੰਜਾਬੀ, ਸ਼ੋਸ਼ਲ ਸਾਇੰਸ, ਮੈਥ

**ਪ੍ਰਸ਼ਨ 10. ਪ੍ਰੀਖਿਆ ਵਿੱਚ ਕਿਸ ਤਰ੍ਹਾਂ ਦੇ ਪ੍ਰਸ਼ਨ ਪੁੱਛੇ ਜਾਣਗੇ?**

ਉੱਤਰ:- ਪ੍ਰੀਖਿਆ ਵਿੱਚ ਪੁੱਛੇ ਗਏ ਪ੍ਰਸ਼ਨ ਸੈਂਪਲ ਪੇਪਰਾਂ ਦੇ ਸਮਾਨ ਹੋਣਗੇ। ਤੁਸੀਂ ਸਕੂਲ ਦੀ ਵੈੱਬਸਾਈਟ ਤੋਂ ਵੱਖ-ਵੱਖ ਵਿਸ਼ਿਆਂ ਦੇ ਸੈਂਪਲ ਪੇਪਰ ਡਾਊਨਲੋਡ ਕਰ ਸਕਦੇ ਹੋ। ਇਸ ਵਾਸਤੇ:

1. SAGP-2024 ਲਿੰਕ 'ਤੇ ਕਲਿੱਕ ਕਰੋ। ਇੱਕ ਡਰਾਪ ਡਾਊਨ ਸੂਚੀ ਦਿਖਾਈ ਦੇਵੇਗੀ।

2. ਸੈਂਪਲ ਪੇਪਰ 'ਤੇ ਕਲਿੱਕ ਕਰੋ ਅਤੇ ਜਿਸ ਵੀ ਵਿਸ਼ੇ ਦੀ ਤੁਹਾਨੂੰ ਲੋੜ ਹੈ ਉਸ ਦਾ ਸੈਂਪਲ ਪੇਪਰ ਡਾਊਨਲੋਡ ਕਰੋ।

**ਪ੍ਰਸ਼ਨ 11. ਪ੍ਰੀਖਿਆ ਲਈ ਮੈਨੂੰ ਕਿਹੜੀ ਸਟੇਸ਼ਨਰੀ ਲਿਆਉਣ ਦੀ ਲੋੜ ਹੈ?**

ਉੱਤਰ:- UKG ਤੋਂ ਚੌਥੀ ਕਲਾਸ ਦੇ ਵਿਦਿਆਰਥੀਆਂ ਨੂੰ 3 ਘੜੀਆਂ ਹੋਈਆਂ ਪੈਨਸਿਲਾਂ ਅਤੇ ਇੱਕ ਇਰੇਜ਼ਰ ਜ਼ਰੂਰ ਲੈ ਕੇ ਆਉਣੀ ਹੈ। ਪੰਜਵੀਂ ਤੋਂ ਅੱਠਵੀਂ ਅਤੇ ਦਸਵੀਂ ਕਲਾਸ ਦੇ ਵਿਦਿਆਰਥੀ ਸਿਰਫ਼ ਨੀਲੇ ਜੈੱਲ ਪੈੱਨ ਲੈ ਕੇ ਆਉਣ।

**ਪ੍ਰਸ਼ਨ 12. SAGP-2024 ਬਾਰੇ ਕੋਈ ਵੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਆਪਣਾ ਫ਼ੋਨ ਨੰਬਰ ਕਿਵੇਂ ਰਜਿਸਟਰ ਕਰਾਂ?**

ਉੱਤਰ:- ਤੁਹਾਨੂੰ ਸਕੂਲ ਦਾ ਵਟਸਐਪ ਨੰਬਰ 9988685084 ਉਸ ਫੋਨ 'ਵਿੱਚ ਸੇਵ ਕਰਨਾ ਹੋਵੇਗਾ ਜਿਸ 'ਤੇ ਸਾਨੂੰ ਦਿੱਤਾ ਗਿਆ ਤੁਹਾਡਾ ਆਪਣਾ WhatsApp ਨੰਬਰ ਐਕਟਿਵ ਹੈ। ਇਸ ਨਾਲ ਤੁਸੀਂ SAGP-2024 ਲਈ ਬਣਾਏ ਗਏ WhatsApp ਗਰੁੱਪ ਵਿੱਚ ਸ਼ਾਮਲ ਕਰ ਲਏ ਜਾਵੋਗੇ। ਫ਼ਿਰ ਤੁਸੀਂ ਸਾਡੇ ਦੁਆਰਾ ਵਟਸਐਪ 'ਤੇ ਭੇਜੇ ਗਏ ਸੰਦੇਸ਼ ਨੂੰ ਪ੍ਰਾਪਤ ਕਰ ਸਕੋਗੇ।

**ਪ੍ਰਸ਼ਨ 13. ਮੈਨੂੰ SAGP-2024 (ਪੜਾਅ 1) ਵਿੱਚ ਮੇਰੇ ਨਤੀਜੇ ਦੀ ਘੋਸ਼ਣਾ ਬਾਰੇ ਕਿਵੇਂ ਪਤਾ ਲੱਗੇਗਾ?**

ਉੱਤਰ:-ਤੁਹਾਨੂੰ SAGP-2024 (ਪੜਾਅ 1) ਦੇ ਨਤੀਜੇ ਦੀ ਘੋਸ਼ਣਾ ਬਾਰੇ ਤੁਹਾਡੇ ਰਜਿਸਟ੍ਰੇਸ਼ਨ ਫਾਰਮ ਵਿੱਚ ਦੱਸੇ ਗਏ ਫ਼ੋਨ ਨੰਬਰ 'ਤੇ ਫ਼ੋਨ ਕਾਲ ਰਾਹੀਂ ਦੱਸਿਆ ਜਾਵੇਗਾ।

**ਪ੍ਰਸ਼ਨ 14. ਮੈਨੂੰ ਅਤੇ ਮੇਰੇ ਮਾਪਿਆਂ ਨੂੰ ਕਾਉਂਸਲਿੰਗ ਸੈਸ਼ਨ (ਪੜਾਅ 2) ਲਈ ਕਦੋਂ ਬੁਲਾਇਆ ਜਾਵੇਗਾ?**

ਉੱਤਰ: ਵਿਦਿਆਰਥੀ ਅਤੇ ਮਾਪਿਆਂ ਨੂੰ ਲਗਭਗ 20 ਮਿੰਟ ਦੇ ਕਾਉਂਸਲਿੰਗ ਸੈਸ਼ਨ ਲਈ ਸਕੂਲ ਅਤੇ ਮਾਪਿਆਂ ਦੋਵਾਂ ਦੀ ਸੁਵਿਧਾ ਅਨੁਸਾਰ ਤੈਅ ਕੀਤੇ ਗਏ ਮਿਤੀ ਅਤੇ ਸਮੇਂ 'ਤੇ ਬੁਲਾਇਆ ਜਾਵੇਗਾ।

**ਪ੍ਰਸ਼ਨ 15. ਜੇਕਰ ਮੈਂ SAGP-2024 ਦੇ ਪੜਾਅ 1 ਜਾਂ ਪੜਾਅ 2 ਜਾਂ ਦੋਵਾਂ ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਕੀ ਰਜਿਸਟ੍ਰੇਸ਼ਨ ਕਰਨ ਸਮੇਂ ਅਦਾ ਕੀਤੇ 400/- ਰੁਪਏ ਵਾਪਸੀਯੋਗ ਹਨ?**

ਉੱਤਰ:- ਇੱਕ ਵਾਰ 400/- ਦੀ ਰਜਿਸਟ੍ਰੇਸ਼ਨ ਫ਼ੀਸ ਜਮ੍ਹਾਂ ਕਰਾਉਣ 'ਤੇ ਕਿਸੇ ਵੀ ਸਥਿਤੀ ਵਿੱਚ ਇਹ ਰਕਮ ਵਾਪਸੀਯੋਗ ਨਹੀਂ ਹੈ।